# ਦਫਤਰ ਨਗਰ ਨਿਗਮ, ਪਠਾਨਕੋਟ

ਵਿਸ਼ਾ:- ਨਗਰ ਨਿਗਮ, ਪਠਾਨਕੋਟ ਦਾ ਆਮਦਨ ਅਤੇ ਖਰਚੇ ਦਾ ਅਨੁਮਾਨਿਤ ਬਜਟ ਸਾਲ 2026-2027

1. ਨਗਰ ਨਿਗਮ, ਪਠਾਨਕੋਟ ਦਾ ਆਮਦਨ ਅਤੇ ਖਰਚੇ ਦਾ ਬਜਟ ਅਨੁਮਾਤਨ ਸਾਲ 2025-26 ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ,ਪੰਜਾਬ,ਚੰਡੀਗੜ੍ਹ ਜੀ ਵੱਲੋਂ ਪੱਤਰ ਨੰ:20252610849 ਮਿਤੀ 24.06.2025 ਰਾਹੀਂ ਰਕਮ 5465.20 ਲੱਖ ਰੁਪਏ ਦਾ ਪ੍ਰਵਾਨ ਕੀਤਾ ਸੀ। ਇਸ ਪ੍ਰਵਾਨਿਤ ਬਜਟ ਦੇ ਵਿਰੁੱਧ 31.12.2025 ਤੱਕ 3443.51 ਲੱਖ ਦੀ ਆਮਦਨ ਹੋਈ ਹੈ। ਮਿਤੀ 01.01.2026 ਤੋਂ 31.03.2026 ਤੱਕ ਰਕਮ 969.34 ਲੱਖ ਰੁਪਏ ਦੀ ਆਮਦਨ ਹੋਣ ਦੀ ਆਸ ਹੈ। ਇਸ ਪ੍ਰਕਾਰ ਸਾਲ 2025-2026 ਦੌਰਾਨ ਕੁੱਲ 4412.85 ਲੱਖ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾਂ ਹੈ।

ਸਥਾਨਕ ਸਰਕਾਰ, ਵਿਭਾਗ ਵੱਲੋਂ ਬਜਟ ਤਿਆਰ ਕਰਨ ਸਬੰਧੀ ਜਾਰੀ ਹਦਾਇਤਾਂ ਅਨੁਸਾਰ ਬਜਟ ਵਿੱਚ ਕੁੱਲ ਆਮਦਨ ਦਾ 35% ਅਮਲੇ ਤੇ 5% ਅਚਨਚੇਤ ਅਤੇ 60% ਵਿਕਾਸ ਦੇ ਕੰਮਾਂ ਲਈ ਖਰਚ ਕਰਨ ਦੇ ਨਾਰਮਜ਼ ਨਿਰਧਾਰਿਤ ਕੀਤੇ ਗਏ ਹਨ। ਜਦਕਿ ਮੌਜੂਦਾ ਸਟਾਫ ਦੀਆਂ ਤਨਖਾਹਾਂ ਨੂੰ ਮੁੱਖ ਰਖਦੇ ਹੋਏ ਸਾਲ 2026-2027 ਦੌਰਾਨ ਅਮਲੇ ਦੀ ਮੱਦ ਅਧੀਨ ਅਨੁਮਾਨਤ ਆਮਦਨ ਦੇ 35 % ਦੇ ਨਾਰਮਜ਼ ਵਿਰੁੱਧ 78% ਖਰਚ ਹੋਣ ਦੀ ਸੰਭਾਵਨਾਂ ਹੈ, ਜਿਸ ਵਿੱਚ ਕਟੌਤੀ ਕਰਨਾ ਸੰਭਵ ਨਹੀਂ ਹੈ ਅਤੇ ਜਿਸ ਦੇ ਸਿੱਟੇ ਵੱਜੋਂ ਅਮਲੇ ਦੇ ਵਾਧੂ ਖਰਚ ਨੂੰ ਵਿਕਾਸ ਦੀ ਮੱਦ ਅਧੀਨ ਐਡਜਸਟ ਕੀਤਾ ਗਿਆ ਹੈ। ਵਰਨਣਯੋਗ ਹੈ ਕਿ ਸਾਲ 2025-2026 ਦੇ ਪ੍ਰਵਾਨਤ ਬਜਟ ਵਿੱਚ ਸਰਕਾਰ ਵੱਲੋਂ ਅਮਲੇ ਤੇ ਅਨੁਮਾਨਤ ਆਮਦਨ ਦਾ 87 % ਪ੍ਰਵਾਨ ਕੀਤਾ ਗਿਆ ਸੀ।

ਸਾਲ 2025-26 ਦੌਰਾਨ ਹੇਠ ਲਿਖੇ ਅਨੁਸਾਰ ਖਰਚਾ ਹੋਣ ਦੀ ਆਸ ਹੈ :- (ਰਕਮ ਲੱਖਾਂ ਵਿੱਚ)

| ਲੜੀ ਨੰ | ਮਦ | ਬਜਟ ਉਪਬੰਧ 2025-26 | ਅਸਲ ਖਰਚਾ 31.12.2025 ਤੱਕ | ਅਨੁਮਾਨਿਤ ਖਰਚ ਮਿਤੀ 01.01.2026 ਤੋਂ 31.03.2026 ਤੱਕ | ਅਨੁਮਾਨਿਤ ਖਰਚ 2025-26 |
|---|---|---|---|---|---|
| 1 | ਅਮਲਾ | 4727.75 ਲੱਖ | 2904.98 ਲੱਖ | 968.32 ਲੱਖ | 3873.30 ਲੱਖ |
| 2 | ਕੰਟੀਜੈਂਸੀ | 89.00 ਲੱਖ | 179.42 ਲੱਖ | 50.82 ਲੱਖ | 230.24 ਲੱਖ |
| 3 | ਡਿਵੈਲਪਮੈਂਟ | 454.26 ਲੱਖ | 413.21 ਲੱਖ | 148.17 ਲੱਖ | 561.38 ਲੱਖ |
| | ਕੁੱਲ ਜੋੜ | 5271.01 ਲੱਖ | 3497.61 ਲੱਖ | 1167.31 ਲੱਖ | 4664.92 ਲੱਖ |

ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਆਮਦਨ ਦਾ ਬਜਟ ਸਾਲ 2025-26 ਦਾ 5465.20 ਲੱਖ ਰੁਪਏ ਦਾ ਤਜਵੀਜ ਕੀਤਾ ਜਾਂਦਾ ਹੈ ਜੀ। ਜਿਸ ਦਾ ਵੇਰਵਾ ਮੱਦ ਵਾਇਜ ਹੇਠ ਲਿਖੇ ਅਨੁਸਾਰ ਹੈ ਜੀ :-

ਅਨੁਮਾਨਿਤ ਆਮਦਨ ਦਾ ਬਜਟ-ਬਾਬਤ ਸਾਲ 2026-27 (ਰਕਮ ਲੱਖਾਂ ਵਿੱਚ)

| ਲੜੀ ਨੰ | ਮੱਦ ਦਾ ਨਾਮ | ਅਸਲ ਆਮਦਨ 2024-25 | ਬਜਟ ਪ੍ਰਵੀਜਨ 2025-26 | ਅਸਲ ਆਮਦਨ 31.12.25 | ਅਨੁਮਾਨਿਤ ਆਮਦਨ 01.01.26 ਤੋਂ 31.03.26 | ਜੋੜ | ਤਜਵੀਜ ਬਜਟ 2026-27 |
|---|---|---|---|---|---|---|---|
| 1 | ਪ੍ਰਾਪਰਟੀ ਟੈਕਸ | 577.67 | 640.00 | 563.24 | 76.76 | 640.00 | 704.00 |
| 2 | ਫਾਇਰ ਸੈਸ | 25.66 | 30.00 | 26.79 | 03.21 | 30.00 | 35.00 |
| 3 | ਵੈਟ / ਜੀ.ਐਸ.ਟੀ. | 3133.79 | 3700.00 | 1600.12 | 551.50 | 2151.62 | 3700.00 |
| 4 | ਬਿਜਲੀ ਤੇ ਚੂੰਗੀ / ਮਿਊਂਸਪਲ ਟੈਕਸ | ------ | 01.00 | ------ | 01.00 | 01.00 | 01.00 |
| 5 | ਵਾਧੂ ਆਬਕਾਰੀ | 128.63 | 90.00 | ------ | 90.00 | 90.00 | 150.00 |
| 6 | ਐਡਵਰਟਾਈਜਮੈਂਟ ਟੈਕਸ | 47.10 | 55.00 | 47.21 | 07.79 | 55.00 | 42.89 |
| 7 | ਲਾਇਸੈਂਸ ਫੀਸ | 45.08 | 50.00 | 46.03 | 03.97 | 50.00 | 55.00 |

| | | | | | | | |
|---|---|---|---|---|---|---|---|
| 8 | ਸਲਾਟਰ ਹਾਊਸ ਫੀਸ | 0.49 | 01.00 | 0.37 | 0.63 | 01.00 | 01.00 |
| 9 | ਬਿਲਡਿੰਗ ਐਪਲੀਕੇਸ਼ਨ ਫੀਸ, ਡਿਵੈਲਪਮੈਂਟ ਫੀਸ, ਸੀ.ਐਲ.ਯੂ. ਮੁਆਵਜਾ ਫੀਸ / ਸਮਝੌਤਾ ਫੀਸ / ਲਿਟਰਿੰਗ ਆਦਿ | 254.65 | 350.00 | 176.13 | 58.71 | 234.84 | 350.00 |
| 10 | ਵਾਟਰ / ਸੀਵਰੇਜ ਚਾਰਜਿਜ | 153.85 | 229.00 | 98.68 | 32.89 | 131.57 | 240.00 |
| 11 | ਕਿਰਾਇਆ | 68.85 | 85.50 | 61.69 | 23.81 | 85.50 | 85.50 |
| 12 | ਤਹਿਬਜਾਰੀ | 11.81 | 14.50 | 06.78 | 07.72 | 14.50 | 14.50 |
| 13 | ਕਾਊ ਸੈਸ | 51.70 | 80.00 | 12.68 | 04.25 | 16.93 | 110.00 |
| 14 | ਸੇਲ ਆਫ ਪ੍ਰਾਪਰਟੀ | 01.90 | ------ | ------ | ------ | ------ | ------ |
| 15 | ਕੈਂਸਰ ਸੈਸ | 11.04 | 15.00 | 11.86 | 03.14 | 15.00 | 16.50 |
| 16 | ਸ਼ੋ ਟੈਕਸ | 01.20 | 02.00 | 0.78 | 0.27 | 01.05 | 02.00 |
| 17 | ਮਨੋਰਜਨ ਟੈਕਸ | 0.25 | 0.70 | 0.16 | 0.05 | 0.21 | 01.00 |
| 18 | ਡਿਸਪੈਂਸਰੀ ਫੀਸ | 0.05 | 0.50 | 0.03 | 0.01 | 0.04 | 0.50 |
| 19 | ਸਵੀਮਿੰਗ ਪੂਲ ਫੀਸ | 0.57 | 01.00 | 0.39 | 0.12 | 0.51 | 01.00 |
| 20 | ਵਾਟਰ ਕੰਨੈਕਸ਼ਨ ਫੀਸ | 09.84 | 10.00 | 02.39 | 01.00 | 03.39 | 11.00 |
| 21 | ਲੋਨ | ------ | ------ | 484.80 | ------ | 484.80 | ------ |
| 22 | ਮਿਸਲੇਨਿਅਸ / ਅਣ-ਔਥੋਰਾਈਜਡ ਕਲੋਨੀ | 71.16 | 110.00 | 303.38 | 102.51 | 405.89 | 150.00 |
| | ਕੁੱਲ ਜੋੜ | 4595.29 | 5465.20 | 3443.51 | 969.34 | 4412.85 | 5670.89 |

**ਅਨੁਮਾਨਿਤ ਖਰਚੇ ਦਾ ਬਜਟ-ਬਾਬਤ ਸਾਲ 2026-2027**

**ੳ ਅਮਲੇ ਤੇ ਖਰਚਾ:-** ਸਾਲ 2025-2026 ਵਿੱਚ ਅਮਲੇ ਦੀ ਮੱਦ ਅਧੀਨ 4727.75 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ, ਇਸ ਦੇ ਵਿਰੁੱਧ 31.12.2025 ਤੱਕ 2904.98 ਲੱਖ ਰੁਪਏ ਖਰਚ ਹੋਏ ਹਨ। ਮਿਤੀ 01.01.2026 ਤੋਂ 31.03.2026 ਤੱਕ 968.32 ਲੱਖ ਰੁਪਏ ਖਰਚਾ ਹੋਣ ਦੀ ਆਸ ਹੈ। ਇਸ ਲਈ ਨਗਰ ਨਿਗਮ ਦਾ ਸਾਲ 2025-26 ਵਿੱਚ ਅਮਲੇ ਤੇ 3873.30 ਲੱਖ ਰੁਪਏ ਦਾ ਖਰਚਾ ਹੋਣ ਦੀ ਆਸ ਹੈ। ਜਿਸ ਵਿੱਚ ਨਗਰ ਨਿਗਮ ਦੇ 417 ਪੈਨਸ਼ਨਰਾਂ / ਫੈਮਲੀ ਪੈਨਸ਼ਨਰਾਂ ਨੂੰ ਹਰ ਮਹੀਨੇ ਦਿੱਤਾ ਜਾਣ ਵਾਲਾ 1000/- ਰੁਪਏ ਮੈਡੀਕਲ ਭੱਤਾ, ਐਲ.ਟੀ.ਸੀ. ਆਦਿ ਸ਼ਾਮਿਲ ਹੈ। ਇਸ ਤੋਂ ਇਲਾਵਾ ਮਾਨਯੋਗ ਮੇਅਰ ਸਾਹਿਬ, ਡਿਪਟੀ ਮੇਅਰ ਅਤੇ ਕੌਂਸਲਰ ਸਾਹਿਬਾਂਨ ਨੂੰ ਹਰ ਮਹੀਨੇ ਲਗੱਭਗ 10.00 ਲੱਖ ਰੁਪਏ ਦਾ ਮਾਨ ਭੱਤਾ ਅਤੇ ਹੋਰ ਭੱਤੇ ਦਾ ਖਰਚਾ ਵੀ ਸ਼ਾਮਿਲ ਹੈ। ਇਸ ਤਰ੍ਹਾ ਸਾਲ 2026-2027 ਦੌਰਾਨ ਅਮਲੇ ਤੇ 4417.19 ਲੱਖ ਰੁਪਏ ਦਾ ਖਰਚਾ ਹੋਣ ਦੀ ਆਸ ਹੈ।

ਉਪਰੋਕਤ ਤਥਾਂ ਨੂੰ ਮੁੱਖ ਰਖਦੇ ਹੋਏ ਸਾਲ 2026-2027 ਵਿੱਚ ਅਮਲੇ ਦੀ ਮੱਦ ਅਧੀਨ ਸਾਰੇ ਖਰਚੇ ਸ਼ਾਮਿਲ ਕਰਦੇ ਹੋਏ 4417.19 ਲੱਖ ਰੁਪਏ ਦਾ ਉਪਬੰਧ ਕੀਤਾ ਜਾਂਦਾ ਹੈ। ਜਿਸ ਵਿੱਚ ਸਾਲ 2026-2027 ਦੌਰਾਨ 8 ਅਧਿਕਾਰੀ / ਕਰਮਚਾਰੀ ਰਿਟਾਇਰ ਹੋ ਰਹੇ ਹਨ, ਉਹਨਾਂ ਨੂੰ ਦਿੱਤਾ ਜਾਣਾ ਵਾਲਾ ਸੇਵਾ ਮੁੱਕਤੀ ਲਾਭਾਂ ਦਾ ਖਰਚਾ ਸ਼ਾਮਿਲ ਕੀਤਾ ਗਿਆ ਹੈ। ਇਸ ਲਈ ਅਮਲੇ ਦੀ ਮੱਦ ਅਧੀਨ ਤਜਵੀਜ ਖਰਚਾ ਅਨੁਮਾਨਿਤ ਆਮਦਨ ਦਾ 78% ਬਣਦਾ ਹੈ। ਇਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਸਰਕਾਰ ਵੱਲੋਂ ਪਿਛਲੇ ਸਾਲ 2025-26 ਵਿੱਚ ਇਸ ਮੱਦ ਅਧੀਨ 87% ਖਰਚਾ ਪ੍ਰਵਾਨ ਕੀਤਾ ਗਿਆ ਸੀ। ਇਸ ਬਜਟ ਤਜਵੀਜ ਵਿੱਚ ਖਾਲੀ ਪਈਆਂ ਅਸਾਮੀਆਂ ਦਾ ਖਰਚਾ ਸ਼ਾਮਿਲ ਨਹੀਂ ਹੈ। ਜੇਕਰ ਸਰਕਾਰ ਵੱਲੋਂ ਖਾਲੀ ਪਈਆਂ ਅਸਾਮੀਆਂ ਭਰੀਆਂ ਜਾਂਦੀਆਂ ਹਨ ਤਾਂ ਅਮਲੇ ਦੇ ਖਰਚੇ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾਂ ਹੈ।

(ਅ) **ਅਚਨਚੇਤ ਖਰਚੇ:-** ਇਸ ਮੱਦ ਅਧੀਨ 2025-2026 ਵਿੱਚ 89.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਸੀ ਜਿਸ ਵਿੱਚ ਮੁੱਖ ਤੌਰ ਤੇ ਪੈਟਰੋਲ / ਡੀਜਲ, ਸਟੇਸ਼ਨਰੀ, ਟੈਲੀਫੋਨ ਬਿੱਲਾਂ ਅਤੇ ਵਰਦੀਆਂ ਆਦਿ ਦਾ ਖਰਚਾ ਸ਼ਾਮਿਲ ਹੈ, ਜਿਸ ਦੇ ਵਿਰੁੱਧ ਮਿਤੀ 31.12.2025 ਤੱਕ 179.42 ਲੱਖ ਰੁਪਏ ਖਰਚ ਹੋਏ ਹਨ। ਮਿਤੀ 01.01.2026 ਤੋਂ 31.03.2026 ਤੱਕ 50.82 ਲੱਖ ਰੁਪਏ ਦਾ ਖਰਚਾ ਹੋਣ ਦੀ ਆਸ ਹੈ। ਇਸ ਤਰ੍ਹਾ ਸਾਲ 2025-2026 ਦੌਰਾਨ ਅਚਨਚੇਤ ਤੇ 230.24 ਲੱਖ ਰੁਪਏ ਦਾ ਖਰਚਾ ਹੋਣ ਦੀ ਆਸ ਹੈ। ਸਾਲ 2025-26 ਦੇ ਅਚਨੇਚਤ ਖਰਚੇ ਦਾ ਸੋਧੇ ਬਜਟ ਕਰਨ ਉਪਰੰਤ 250.00 ਲੱਖ ਰੁਪਏ ਦੀ ਤਜਵੀਜ ਕੀਤੀ ਜਾਂਦੀ ਹੈ, ਕਿਉਂਕਿ ਵਿੱਤ ਕਮਿਸ਼ਨ ਦੀ ਗ੍ਰਾਂਟ ਪ੍ਰਾਪਤ ਨਾ ਹੋਣ ਕਰਕੇ ਅਤੇ ਨਿਗਮ ਦੀਆਂ ਜਰੂਰੀ ਸੇਵਾਵਾਂ ਨੂੰ ਚਾਲੂ ਰੱਖਣ ਲਈ ਪੈਟਰੋਲ ਡੀਜਲ ਦੇ ਖਪਤ ਦੀ ਅਦਾਇਗੀ ਅਤੇ ਗੱਡੀਆਂ ਦੇ ਰੱਖ-ਰੱਖਾਵ ਦਾ ਖਰਚਾ ਵੀ ਇਸ ਮੱਦ ਅਧੀਨ ਕੀਤਾ ਗਿਆ ਹੈ । ਇਸ ਤੋਂ ਇਲਾਵਾ ਨਗਰ ਨਿਗਮ, ਪਠਾਨਕੋਟ ਇੱਕ ਜਿਲ੍ਹਾ ਹੈਡਕੁਆਟਰ ਨਗਰ ਨਿਗਮ ਹੈ। ਇਥੇ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਅਤੇ ਦੂਜੀਆਂ ਹੋਰ ਗਡੀਆਂ ਨੂੰ ਵੀ.ਆਈ.ਪੀ. ਡਿਊਟੀ ਦੇਣੀ ਪੈਂਦੀ ਹੈ, ਇਸ ਤਰ੍ਹਾ ਨਾਲ ਡੀਜਲ / ਪੈਟਰੋਲ ਦੀ ਖਪਤ ਆਮ ਨਾਲੋਂ ਬਹੁਤ ਜਿਆਦਾ ਹੁੰਦੀ ਹੈ। ਨਗਰ ਨਿਗਮ ਐਕਟ 1976 ਦੀ ਧਾਰਾ ਨਗਰ ਨਿਗਮ ਦੇ ਅਧਿਕਾਰੀਆਂ / ਕਰਮਚਾਰੀਆਂ ਦੀ ਵਧੀਆ ਕਾਰਗੁਜਾਰੀ ਤੇ ਨਗਰ ਨਿਗਮ ਵੱਲੋਂ ਉਹਨਾਂ ਨੂੰ ਰਿਵਾਰਡ ਦੇਣ ਲਈ 5.00 ਲੱਖ ਰੁਪਏ, ਨਗਰ ਨਿਗਮ ਵਿੱਚ ਕਮਿਸ਼ਨਰ ਸਾਹਿਬ ਨੂੰ ਮਿਲਣ ਆਉਣ ਸ਼ਹਿਰੀ ਪਤਵੰਤੇਂ ਸੱਜਣ ਅਤੇ ਹੋਰ ਦਫਤਰਾਂ ਤੋਂ ਆਉਣ ਵਾਲੇ ਸੱਜਣਾਂ / ਸ਼ਹਿਰ ਵਾਸੀਆਂ ਦੀ ਪ੍ਰਹੋਣਚਾਰੀ ਕੀਤੇ ਜਾਣ ਤੇ 10.00 ਲੱਖ ਰੁਪਏ ਦਾ ਉਪਬੰਧ ਕੀਤਾ ਗਿਆ ਹੈ। ਇਹਨਾਂ ਤੱਥਾਂ ਨੂੰ ਮੁੱਖ ਰਖਦੇ ਹੋਏ ਸਾਲ 2026-2027 ਲਈ 270.00 ਲੱਖ ਰੁਪਏ ਦਾ ਬਜਟ ਉਪਬੰਧ ਕੀਤਾ ਜਾਂਦਾ ਹੈ ਜੋਕਿ ਤਜਵੀਜ ਕੀਤੀ ਆਮਦਨ ਦਾ 5% ਬਣਦਾ ਹੈ।

**(ੲ) ਵਿਕਾਸ ਦੇ ਕੰਮਾਂ ਤੇ ਖਰਚਾ:-** ਸਾਲ 2025-2026 ਵਿੱਚ ਇਸ ਮੱਦ ਅਧੀਨ 454.26 ਲੱਖ ਰੁਪਏ ਦਾ ਪ੍ਰਵਾਨ ਕੀਤਾ ਗਿਆ ਸੀ ਇਸ ਵਿਰੁੱਧ ਮਿਤੀ 31.12.2025 ਤੱਕ ਰਕਮ 413.21 ਲੱਖ ਰੁਪਏ ਖਰਚ ਹੋਏ ਹਨ। ਮਿਤੀ 01.01.2026 ਤੋਂ 31.03.2026 ਤੱਕ 148.17 ਲੱਖ ਰੁਪਏ ਦਾ ਖਰਚਾ ਹੋਣ ਦੀ ਆਸ ਹੈ। ਇਸ ਤਰ੍ਹਾਂ ਸਾਲ 2025-2026 ਦੌਰਾਨ ਵਿਕਾਸ ਤੇ 561.38 ਲੱਖ ਰੁਪਏ ਦਾ ਖਰਚਾ ਹੋਣ ਦੀ ਆਸ ਹੈ। ਸਾਲ 2026-2027 ਲਈ ਵਿਕਾਸ ਦੇ ਕੰਮਾਂ ਤੇ 983.70 ਲੱਖ ਰੁਪਏ ਦਾ ਬਜਟ ਤਜਵੀਜ ਕੀਤਾ ਜਾਂਦਾ ਹੈ। ਜੋਕਿ ਤਜਵੀਜ ਕੀਤੀ ਗਈ ਆਮਦਨ ਦਾ 17% ਹੈ। ਸਾਲ 2026-2027 ਦੇ ਤਜਵੀਜ ਬਜਟ ਵਿੱਚ ਵਿਕਾਸ ਦੇ ਕੰਮਾਂ ਲਈ 983.70 ਲੱਖ ਰੁਪਏ ਦਾ ਬਜਟ ਤਜਵੀਜ ਕੀਤਾ ਜਾਂਦਾ ਹੈ।

**ਵਿਕਾਸ ਦੀ ਮੱਦ ਅਧੀਨ ਖਰਚ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-**

(ਰਕਮ ਲੱਖਾਂ ਵਿੱਚ)

| ਲੜੀ ਨੰ | ਮੱਦ ਦਾ ਨਾਮ | ਅਸਲ ਖਰਚਾ 2024-25 | ਬਜਟ ਪ੍ਰਵੀਜਨ 2025-26 | ਮਿਤੀ 31.12.25 ਤੱਕ ਦਾ ਖਰਚਾ | 01.01.26 ਤੋਂ 31.03.26 ਤੱਕ ਦਾ ਅਨੁਮਾਨਿਤ ਖਰਚਾ | ਜੋੜ | ਸੋਧੇ ਬਜਟ | ਤਜਵੀਜ ਬਜਟ 2026-27 |
|---|---|---|---|---|---|---|---|---|
| 1 | ਵਾਟਰ ਸਪਲਾਈ ਅਤੇ ਸੀਵਰੇਜ ਦੇ ਟਿਊਬਵੈਲਾਂ ਦੇ ਬਿਜਲੀ ਦੇ ਬਿੱਲ | 02.60 | 03.00 | ------ | 03.00 | 03.00 | 03.00 | 05.00 |
| 2 | ਵਾਟਰ ਸਪਲਾਈ ਅਤੇ ਸੀਵਰੇਜ ਦੀ ਮੇਨਟੀਨੈਂਸ | 43.33 | 70.00 | 219.45 | 73.15 | 292.60 | 350.00 | 350.00 |
| 3 | ਸਟਰੀਟ ਲਾਈਟ ਦੇ ਬਿਜਲੀ ਦੇ ਬਿੱਲ | 0.18 | 10.00 | 01.82 | 0.60 | 02.42 | 10.00 | 10.00 |
| 4 | ਡਾਇਰੈਕਟੋਰੇਟ ਚਾਰਜਿਜ | 05.00 | 05.00 | ------ | 05.00 | 05.00 | 05.00 | 05.00 |
| 5 | ਪਾਰਕਾਂ ਦੀ ਦੇਖਭਾਲ | 0.88 | 02.00 | 01.18 | 0.82 | 02.00 | 02.00 | 06.00 |
| 6 | ਦਵਾਈਆਂ / ਫੋਗਿੰਗ | 01.09 | 01.50 | 01.91 | 0.64 | 02.55 | 05.00 | 06.00 |
| 7 | ਅਵਾਰਾ ਪਸ਼ੂਆਂ ਦੀ ਸ਼ਾਭ ਸੰਭਾਲ | 68.24 | 70.00 | 35.43 | 11.81 | 47.24 | 70.00 | 110.00 |
| | ਏ ਸਬ ਜੋੜ | 121.32 | 161.50 | 259.79 | 95.02 | 354.81 | 445.00 | 492.00 |
| 1 | ਵਾਟਰ ਸਪਲਾਈ ਅਤੇ ਸੀਵਰੇਜ ਦੀਆਂ ਨਵੀਆਂ ਪਾਈਪਾਂ ਲਾਈਨਾਂ | ------ | ------ | ------ | ------ | ------ | ------ | 25.00 |
| 2 | ਨਵੀਆਂ ਸੜਕਾਂ / ਨਾਲੀਆਂ / ਗਲੀਆਂ ਦੀ ਉਸਾਰੀ / ਮੁਰੰਮਤ | 100.73 | 39.00 | 64.30 | 21.43 | 85.73 | 100.00 | 150.00 |
| 3 | ਕੰਪਿਊਟਰ / ਮਸ਼ੀਨਰੀ ਦੀ ਖਰੀਦ / ਰੱਖ-ਰਖਾਓ | ------ | ------ | ------ | ------ | ------ | ------ | 15.00 |

| | | | | | | | | |
|---|---|---|---|---|---|---|---|---|
| 4 | ਸਾਲਿਡ ਵੇਸਟ ਮੈਨਜਮੈਂਟ ਲਈ | 16.55 | 18.00 | 21.08 | 07.02 | 28.10 | 45.00 | 50.00 |
| 5 | ਟਾਇਲਟ / ਯੂਰੀਨਲ | ------ | 02.00 | ------ | 02.00 | 02.00 | 02.00 | 02.00 |
| 6 | ਸਟਰੀਟ ਲਾਈਟ ਦੇ ਰੱਖ-ਰੱਖਾਓ ਅਤੇ ਨਵੀਂ ਸਟਰੀਟ ਲਾਈਟ | 12.39 | 60.00 | ------ | ------ | ------ | 60.00 | 60.00 |
| 7 | ਸਟਾਫ ਕਾਰ / ਵਹੀਕਲ ਦੀ ਖਰੀਦ | ------ | 10.00 | ------ | ------ | ------ | 10.00 | 25.00 |
| 8 | ਹੋਰ (ਮਿਸਲੇਨਿਅਸ ਕੰਮ) | 78.76 | 163.76 | 68.04 | 22.70 | 90.74 | 163.76 | 164.70 |
| | ਬੀ ਸਬ ਜੋੜ | 208.43 | 292.76 | 153.42 | 53.15 | 206.57 | 380.76 | 491.70 |

| | | | | | | | | |
|---|---|---|---|---|---|---|---|---|
| | ਏ ਸਬ ਜੋੜ | 121.32 | 161.50 | 259.79 | 95.02 | 354.81 | 445.00 | 492.00 |
| | ਬੀ ਸਬ ਜੋੜ | 208.43 | 292.76 | 153.42 | 53.15 | 206.57 | 380.76 | 491.70 |
| | ਕੁੱਲ ਜੋੜ | 329.75 | 454.26 | 413.21 | 148.17 | 561.38 | 825.76 | 983.70 |

ਉਪਰੋਕਤ ਅਨੁਸਾਰ ਨਗਰ ਨਿਗਮ ਦਾ ਆਮਦਨ ਅਤੇ ਖਰਚੇ ਦਾ ਬਜਟ ਬਾਬਤ ਸਾਲ 2026-2027 ਦਾ ਸਾਰ ਹੇਠ ਲਿਖੇ ਅਨੁਸਾਰ ਹੈ :-

ਅਨੁਮਾਨਤ ਆਮਦਨ 2026-27 5670.89 ਲੱਖ

ਅਨੁਮਾਨਤ ਖਰਚਾ 2026-27 5670.89 ਲੱਖ

ਤਜਵੀਜ ਕੀਤੀ ਗਈ ਆਮਦਨ ਦਾ ਪ੍ਰਤੀਸ਼ਤ

| ਲੜੀ ਨੰ | ਮੱਦ | ਬਜਟ ਉਪਬੰਧ | ਪ੍ਰਤੀਸ਼ਤ |
|---|---|---|---|
| (ੳ) | ਅਮਲਾ | 4417.19 ਲੱਖ | 78% |
| (ਅ) | ਕੰਟੀਜੈਂਸੀ | 270.00 ਲੱਖ | 5% |
| (ੲ) | ਵਿਕਾਸ | 983.70 ਲੱਖ | 17% |
| | ਕੁੱਲ ਜੋੜ | 5670.89 ਲੱਖ | 100% |

ਉਪਰੋਕਤ ਨੂੰ ਮੁੱਖ ਰਖਦੇ ਹੋਏ ਨਗਰ ਨਿਗਮ, ਪਠਾਨਕੋਟ ਵੱਲੋਂ ਅਨੁਮਾਨਤ ਬਜਟ ਸਾਲ 2026-2027 ਅਤੇ ਸੋਧੇ ਹੋਏ ਬਜਟ 2025-2026 ਦੀ ਤਜਵੀਜ ਨਗਰ ਨਿਗਮ ਐਕਟ 1976 ਦੀ ਧਾਰਾ 86(1) ਅਤੇ 87(2) ਅਧੀਨ ਸਰਕਾਰ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

ਇੰਸਪੈਕਟਰ,

24/03/2026

W/c please

Palavi 24/3/26

Ld. Mayor